| | |
|---|---|
| ਅਟਾਰਨੀ ਜਾਂ ਅਟਾਰਨੀ ਤੋਂ ਬਿਨਾਂ ਪਾਰਟੀ (*ਨਾਮ, ਸਟੇਟ ਬਾਰ ਨੰਬਰ, ਅਤੇ ਪਤਾ*)<br>ਟੈਲੀਫੋਨ ਨੰਬਰ: ਫੈਕਸ ਨੰ. (*ਵਿਕਲਪਿਕ*):<br>ਈ-ਮੇਲ ਪਤਾ (ਵਿਕ*ਲਪਿਕ*):<br>ਜਿਸ ਲਈ ਅਟਾਰਨੀ (*ਨਾਮ*): | ***ਸਿਰਫ਼ ਅਦਾਲਤੀ ਵਰਤੋਂ ਲਈ***<br><br>ਸਿਰਫ਼ ਜਾਣਕਾਰੀ ਲਈ<br><br>ਅਦਾਲਤ ਨੂੰ ਡਿਲਿਵਰ ਨਾ ਕਰੋ |
| **CALIFORNIA ਦਾ ਸੁਪੀਰੀਅਰ ਕੋਰਟ, ALAMEDA ਕਾਉਂਟੀ**<br>ਸੜਕ ਦਾ ਪਤਾ::<br>ਡਾਕ ਭੇਜਣ ਦਾ ਪਤਾ:<br>ਸ਼ਹਿਰ ਅਤੇ ਜ਼ਿਪ ਕੋਡ:<br>ਸ਼ਾਖਾ ਦਾ ਨਾਮ | |
| ਪਟੀਸ਼ਨਰ:<br>ਜਵਾਬਦਾਤਾ:<br>ਹੋਰ: | |
| **ਬੱਚੇ ਨਾਲ ਮੁਲਾਕਾਤ ਸੰਬੰਧੀ ਨਿਰੀਖਣ ਲਈ ਸਮਝੌਤਾ** | ਕੇਸ ਨੰਬਰ: ਅਦਾਲਤ ਨੂੰ ਡਿਲਿਵਰ ਨਾ ਕਰੋ |

1. ਮੈਂ (*ਮੁਲਾਕਾਤ ਦੇ ਸੁਪਰਵਾਈਜ਼ਰ ਦਾ ਨਾਮ*):______________________________

   (*ਮਾਤਾ/ਪਿਤਾ/ਸਰਪ੍ਰਸਤ ਦਾ ਨਾਮ*):______________________________ ਅਤੇ

   (*ਨਾਬਾਲਗ ਬੱਚੇ/ਬੱਚਿਆਂ ਦਾ ਨਾਮ*): ______________________ *ਦੇ ਵਿਚਕਾਰ* ______________ *ਦੇ*

   *ਅਦਾਲਤੀ ਹੁਕਮ ਦੇ ਤਹਿਤ ਮੁਲਾਕਾਤ ਲਈ ਇੱਕ ਸੁਪਰਵਾਈਜ਼ਰ/ਨਿਰੀਖਕ ਵਜੋਂ ਕੰਮ ਕਰਨ ਲਈ ਸਹਿਮਤ ਹਾਂ*

   ਜਿਸਦੀ ਇੱਕ ਕਾਪੀ ਮੈਨੂੰ ਦਿੱਤੀ ਗਈ ਹੈ।

2. ਮੈਂ ਸਮਝਦਾ/ਸਮਝਦੀ ਹਾਂ ਕਿ ਮੇਰੀ ਮੁੱਖ ਜਿੰਮੇਵਾਰੀ ਵਿਅਕਤੀਗਤ ਤੌਰ 'ਤੇ ਇਹਨਾਂ ਮੁਲਾਕਾਤਾਂ ਨੂੰ ਦੇਖਣਾ ਅਤੇ ਜੇਕਰ ਨਾਬਾਲਗ ਬੱਚੇ (ਬੱਚਿਆਂ) ਨੂੰ ਸੁਰੱਖਿਆ, ਭਰੋਸੇ, ਜਾਂ ਮੁਲਾਕਾਤ ਤੋਂ ਕਿਸੇ ਵੀ ਤਰ੍ਹਾਂ ਦੇ ਅਰਾਮ/ਅੰਤਰਾਲ ਦੀ ਲੋੜ ਹੋਵੇ ਤਾਂ ਤੁਰੰਤ ਕਾਰਵਾਈ ਕਰਨਾ ਹੈ। ਮੈਂ ਨਿਰੀਖਣ ਕੀਤੇ ਵਿਅਕਤੀ ਦੇ ਪ੍ਰਤੀ ਜਾਂ ਉਸ ਦੇ ਵਿਰੁੱਧ ਬਿਨਾਂ ਕਿਸੇ ਪੱਖਪਾਤ ਜਾਂ ਵਿਤਕਰੇ ਦੇ ਮੁਲਾਕਾਤ ਦੇ ਸੁਪਰਵਾਈਜ਼ਰ ਵਜੋਂ ਆਪਣੀਆਂ ਡਿਊਟੀਆਂ ਨਿਭਾਉਣ ਲਈ ਸਹਿਮਤ ਹਾਂ।

3. ਮੈਂ ਸਹਿਮਤ ਹਾਂ ਕਿ ਮੈਂ ਅਦਾਲਤ ਨੂੰ ਜਾਂ, ਜੇਕਰ ਅਦਾਲਤ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ, ਫੈਮਲੀ ਕੋਰਟ ਸਰਵਿਸਿਜ਼/Family Court Services ਨੂੰ ਰਿਪੋਰਟ ਕਰਾਂਗਾ, ਜੇਕਰ ਨਿਰੀਖਣ ਕੀਤਾ ਵਿਅਕਤੀ *ਬੱਚੇ ਨਾਲ ਮੁਲਾਕਾਤ ਸੰਬੰਧੀ ਨਿਰੀਖਣ ਲਈ ਦਿਸ਼ਾ-ਨਿਰਦੇਸ਼ਾਂ* (ਫਾਰਮ ALA FL-015-INFO) 'ਤੇ ਦੱਸੇ ਗਏ ਨਿਯਮਾਂ ਦੀ ਉਲੰਘਣਾ ਕਰਦਾ ਹੈ ਅਤੇ, ਜੇਕਰ ਅਦਾਲਤ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ, ਤਾਂ ਮੈਂ ਮੁਲਾਕਾਤਾਂ ਦੌਰਾਨ ਕੀਤੀਆਂ ਸਾਰੀਆਂ ਨਿਰੀਖਣਾਂ ਸੰਬੰਧੀ ਰਿਪੋਰਟ ਕਰਾਂਗਾ/ਕਰਾਂਗੀ।

4. ਮੈਂ ਸਹਿਮਤ ਹਾਂ ਕਿ ਮੈਂ ਕਿਸੇ ਵੀ ਸਥਿਤੀ ਵਿੱਚ, ਨਾਬਾਲਗ ਬੱਚੇ ਜਾਂ ਬੱਚਿਆਂ ਨੂੰ ਨਿਰੀਖਣ ਕੀਤੇ ਵਿਅਕਤੀ ਕੋਲ ਇਕੱਲਾ ਨਹੀਂ ਛੱਡਾਂਗਾ/ਛੱਡਾਂਗੀ।

5. ਮੈਨੂੰ ਇਸ ਅਦਾਲਤ ਦੁਆਰਾ *ਬੱਚੇ ਨਾਲ ਮੁਲਾਕਾਤ ਸੰਬੰਧੀ ਨਿਰੀਖਣ ਲਈ ਦਿਸ਼ਾ-ਨਿਰਦੇਸ਼ਾਂ* ਦੀ ਇੱਕ ਕਾਪੀ ਪ੍ਰਾਪਤ ਹੋਈ ਹੈ, ਮੈਂ ਉਨ੍ਹਾਂ ਨੂੰ ਸਮਝ ਲਿਆ ਹੈ, ਅਤੇ ਉਹਨਾਂ ਦੀ ਪਾਲਣਾ ਕਰਨ ਲਈ ਸਹਿਮਤ ਹਾਂ। ਖਾਸ ਤੌਰ 'ਤੇ, ਮੈਂ ਬਾਲ ਸੁਰੱਖਿਆ ਸੇਵਾਵਾਂ ਨੂੰ ਕਿਸੇ ਵੀ ਬਾਲ ਦੁਰਵਿਵਹਾਰ ਜਾਂ ਬਾਲ ਦੁਰਵਿਵਹਾਰ ਦੇ ਕਿਸੇ ਵੀ ਵਾਜਬ ਸ਼ੱਕ ਦੀ ਰਿਪੋਰਟ ਕਰਨ ਲਈ ਆਪਣੀ ਜ਼ਿੰਮੇਵਾਰੀ ਨੂੰ ਪੜ੍ਹਿਆ ਅਤੇ ਸਮਝ ਲਿਆ ਹੈ।

6. ਮੈਂ ਸਮਝਦਾ/ਸਮਝਦੀ ਹਾਂ ਕਿ ਜੇਕਰ ਮੈਂ ਇਸ ਸਮਝੌਤੇ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿੰਦਾ/ਰਹਿੰਦੀ ਹਾਂ, ਤਾਂ ਮੈਨੂੰ ਇਸ ਅਦਾਲਤ ਦੀ ਬੇਇੱਜ਼ਤੀ ਦਾ ਦੋਸ਼ੀ ਮੰਨਿਆ ਜਾ ਸਕਦਾ ਹੈ; ਮੈਂ ਨਾਬਾਲਗ ਬੱਚੇ (ਬੱਚਿਆਂ) ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾ ਸਕਦਾ ਹਾਂ; ਅਤੇ ਮੈਂ ਨਿਰੀਖਣ ਕੀਤੇ ਵਿਅਕਤੀ ਲਈ ਮੁਲਾਕਾਤ ਜਾਰੀ ਰੱਖਣਾ ਮੁਸ਼ਕਲ ਜਾਂ ਅਸੰਭਵ ਬਣਾ ਸਕਦਾ ਹਾਂ।

ਮੈਨੂੰ *ਬੱਚੇ ਨਾਲ ਮੁਲਾਕਾਤ ਸੰਬੰਧੀ ਨਿਰੀਖਣ ਲਈ ਸਮਝੌਤੇ* ਅਤੇ *ਬੱਚੇ ਨਾਲ ਮੁਲਾਕਾਤ ਸੰਬੰਧੀ ਨਿਰੀਖਣ ਲਈ ਦਿਸ਼ਾ-ਨਿਰਦੇਸ਼ਾਂ* ਦੀਆਂ ਕਾਪੀਆਂ ਪ੍ਰਾਪਤ ਹੋਈਆਂ ਹਨ। ਮੈਂ ਦੋਵਾਂ ਰੂਪਾਂ ਵਿੱਚ ਹਰੇਕ ਵਿਵਸਥਾ ਨੂੰ ਸਮਝਦਾ/ਸਮਝਦੀ ਹਾਂ ਅਤੇ ਉਹਨਾਂ ਦੀ ਪਾਲਣਾ ਕਰਨ ਲਈ ਸਹਿਮਤ ਹਾਂ। ਮੈਂ ਸਮਝਦਾ/ਸਮਝਦੀ ਹਾਂ ਕਿ ਕੋਈ ਵੀ ਨਿਰੀਖਣ ਉਦੋਂ ਤੱਕ ਨਹੀਂ ਹੋਵੇਗਾ ਜਦੋਂ ਤੱਕ ਮੁਲਾਕਾਤ ਦੇ ਸੁਪਰਵਾਈਜ਼ਰ ਨੇ *ਬੱਚੇ ਨਾਲ ਮੁਲਾਕਾਤ ਸੰਬੰਧੀ ਨਿਰੀਖਣ ਲਈ ਸਮਝੌਤੇ* 'ਤੇ ਦਸਤਖਤ ਨਹੀਂ ਕੀਤੇ ਹਨ।

ਮਿਤੀ: ▶ ______________________________

ਨਿਗਰਾਨੀ ਅਧੀਨ ਮਾਤਾ-ਪਿਤਾ ਜਾਂ ਸਰਪ੍ਰਸਤ ਦੇ ਦਸਤਖਤ

ਮਿਤੀ: ▶ ______________________________

ਮੁਲਾਕਾਤ ਸੰਬੰਧੀ ਸੁਪਰਵਾਈਜ਼ਰ ਦੇ ਦਸਤਖਤ

______________________________

______________________________

______________________________

ਮੁਲਾਕਾਤ ਦੇ ਸੁਪਰਵਾਈਜ਼ਰ ਦਾ ਪਤਾ ਅਤੇ ਫ਼ੋਨ ਨੰਬਰ



Form Approved for Mandatory Use
Superior Court of California,
County of Alameda
ALA FL-015 [New January 1, 2009]

**AGREEMENT FOR CHILD VISITATION SUPERVISION**

Penal Code § 11160;
Standards of Judicial Administration, § 5.20;
Local Rule 5.20